York Region

*Community and Health Services Department*
*Public Health Branch*

# ਟੀਬੀ (TB) ਕੀ ਅਤੇ ਡਾਇਰੈਕਟਲੀ ਆਬਜ਼ਰਵਡ ਥੈਰਪੀ (DOT) ਕੀ ਹੁੰਦੀ ਹੈ?

ਟੀਬੀ (TB) ਇੱਕ ਗੰਭੀਰ ਅਤੇ ਸੰਭਾਵੀ ਛੂਤ ਵਾਲੀ ਬਿਮਾਰੀ ਹੈ। ਤੁਹਾਨੂੰ ਛੇ (6) ਮਹੀਨਨਿਆਂ ਜਾਂ ਵੱਧ ਸਮੇਂ ਲਈ ਕਈ ਐਂਟੀਬਾਇਟਿਕਸ ਲੈਣ ਦੀ ਲੋੜ ਪੈਂਦੀ ਹੈ। ਜੇ ਤੁਸੀਂ ਐਂਟੀਬਾਇਟਿਕਿਸ ਲੈਣੀ ਛੇਤੀ ਹੀ ਬੰਦ ਕਰ ਦਿੰਦੇ ਹੋ ਤਾਂ ਸੰਭਾਵਨਾ ਹੈ ਕਿ ਤੁਸੀਂ ਮੁੜ ਕੇ ਬਿਮਾਰ ਹੋ ਜਾਵੋਗੇ। ਕਿਉਂਕਿ ਜਰਮ ਤਕੜੇ ਹੋ ਚੁਕੇ ਹੁੰਦੇ ਹਨ, ਅਤੇ ਪਹਿਲਾਂ ਲਈ ਹੋਈ ਟੀਬੀ (TB) ਐਂਟੀਬਾਇਟਿਕਸ ਕਾਰਗਰ ਕਾਰਗਰ ਨਹੀਂ ਹੋਵੇਗੀ। ਟੀਬੀ (TB) ਦੇ ਇਲਾਜ ਲਈ ਡਾਇਰੈਕਟਲੀ ਅਬਜ਼ਰਵਡ ਥੈਰਪੀ (DOT) ਸਭ ਤੋਂ ਚੰਗਾ ਢੰਗ ਹੁੰਦਾ ਹੈ। ਡਾਇਰੈਕਟਲੀ ਅਬਜ਼ਰਵਡ ਥੈਰਪੀ (DOT) ਤੋਂ ਭਾਵ ਹੈ ਕਿ ਯੌਰਕ ਰੀਜਨ ਪਬਲਿਕ ਹੈਲ਼ਥ ਦੇ ਅਮਲੇ ਦਾ ਇੱਕ ਮੈਂਬਰ ਅਜਿਹੇ ਸਮੇਂ ਲਗਾਤਾਰ ਮਿਲਦਾ ਰਿਹੇਗਾ ਜਿਸ ਦਾ ਫ਼ੈਸਲਾ *DOT* ਵਰਕਰ, ਪਬਲਿਕ ਹੈਲ਼ਥ ਨਰਸ ਅਤੇ ਤੁਹਾਡੇ ਵੱਲੋਂ ਕੀਤਾ ਜਾਵੇਗਾ। ਇੱਕ ਪਬਲਿਕ ਹੈਲ਼ਥ ਨਰਸ ਤੁਹਾਨੂੰ ਟੀਬੀ ਬਾਰੇ ਜਾਣਕਾਰੀ ਦੇਣ ਲਈ ਅਤੇ ਡਾਇਰੈਕਟਲੀ ਅਬਜ਼ਰਵਡ ਥੈਰਪੀ (DOT) ਵਰਕਰ ਨਾਲ ਜਾਣ-ਪਛਾਣ ਕਰਨ ਲਈ ਤੁਹਾਡੇ ਕੋਲ ਆਵੇਗੀ।

## ਡਾਇਰੈਕਟਲੀ ਅਬਜ਼ਰਵਡ ਥੈਰਪੀ (DOT) ਵਰਕਰ ਕਿਵੇਂ ਮਦਦ ਕਰਦੀ ਹੈ?

- ਟੀਬੀ (TB) ਦੀਆਂ ਦਵਾਈਆਂ ਤੇਜ਼ ਹੁੰਦੀਆਂ ਹਨ। ਡਾਇਰੈਕਟਲੀ ਅਬਜ਼ਰਵਡ ਥੈਰਪੀ (DOT) ਵਰਕਰ ਦਵਾਈਆਂ ਦੇ ਮੰਦੇ ਅਸਰਾਂ ਦਾ ਧਿਆਣ ਰੱਖੇਗੀ ਅਤੇ ਤੁਹਾਨੂੰ ਮਸ਼ਵਰਾ ਦੇਵੇਗੀ ਕਿ ਡਾਕਟਰ ਨੂੰ ਕਦੋਂ ਸੱਦਣਾ ਹੈ।
- ਡਾਇਰੈਕਟਲੀ ਅਬਜ਼ਰਵਡ ਥੈਰਪੀ (DOT) ਵਰਕਰ ਬਾਅਦ ਵਾਲੀਆਂ ਤੁਹਾਡੀਆਂ ਐਪੁਆਇਟਂਮੈਂਟਾਂ ਅਨੁਸਾਰ ਡਾਕਟਰ ਕੋਲ ਜਾਣ ਵਿੱਚ ਮਦਦ ਕਰੇਗੀ।
- ਡਾਇਰੈਕਟਲੀ ਅਬਜ਼ਰਵਡ ਥੈਰਪੀ (DOT) ਵਰਕਰ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਮੌਕਾ ਦੇਵੇਗੀ ਕਿ ਤੁਸੀਂ ਪ੍ਰਸ਼ਨ ਕਰ ਸਕੋ। ਇਸ ਨਾਲ ਟੀਬੀ (TB) ਬਾਰੇ ਡਰ ਘਟਦੇ ਹਨ।
- ਡਾਇਰੈਕਟਲੀ ਅਬਜ਼ਰਵਡ ਥੈਰਪੀ (DOT) ਵਰਕਰ ਸਿਹਤ ਬਾਰੇ ਸਿਖਿਆ ਦੇ ਕੇ ਤੁਹਾਡੀ ਸਿਹਤ ਨੂੰ ਸੁਧਾਰ ਸਕੇਗੀ।
- ਜੇ ਲੋੜ ਪਵੇ ਤਾਂ ਡਾਇਰੈਕਟਲੀ ਅਬਜ਼ਰਵਡ ਥੈਰਪੀ (DOT) ਵਰਕਰ ਤੁਹਾਨੂੰ ਉਚਤ ਭਾਈਚਾਰਕ ਏਜੰਸੀਆਂ ਕੋਲ ਭੇਜ ਸਕਦੀ ਹੈ।
- ਡਾਇਰੈਕਟਲੀ ਅਬਜ਼ਰਵਡ ਥੈਰਪੀ (DOT) ਵਰਕਰ ਤੇਹਾਨੂੰ ਆਪਣੀਆਂ ਗੋਲੀਆਂ ਲੈਣੀਆਂ ਯਾਦ ਕਰਵਾਉਣ ਵਿੱਚ ਮਦਦ ਕਰ ਸਕਦੀ ਹੈ।
- ਜਦੋਂ ਤੀਕ ਤੁਹਾਡਾ ਇਲਾਜ ਮੁਕੰਮਲ ਨਹੀਂ ਹੋ ਜਾਂਦਾ ਓਦੋਂ ਤੀਕ ਡਾਇਰੈਕਟਲੀ ਅਬਜ਼ਰਵਡ ਥੈਰਪੀ (DOT) ਵਰਕਰ ਤੁਹਾਨੂੰ ਹੌਸਲਾ ਦੇਵੇਗੀ ਅਤੇ ਸਹਾਇਤਾ ਦੇਵੇਗੀ।
- ਤੁਹਾਡੇ ਡਾਕਟਰ ਦੇ ਮਸ਼ਵਰੇ ਉੱਤੇ ਨਿਰਭਰ ਕਰਦਿਆਂ ਹੋਇਆਂ, ਡਾਇਰੈਕਟਲੀ ਅਬਜ਼ਰਵਡ ਥੈਰਪੀ (DOT) ਵਰਕਰ ਦੀ ਮਦਦ ਨਾਲ ਤੁਹਾਨੂੰ ਐਂਟੀਬਾਇਟਿਕਸ ਹਰ ਰੋਜ਼ ਲੈਣ ਦੀ ਬਜਾਏ ਹਫ਼ਤੇ ਵਿੱਚ ਦੋ ਵਾਰੀ ਲੈਣ ਦੀ ਲੋੜ ਪੈ ਸਕਦੀ ਹੈ।

ਤੁਹਾਡੇ ਟੀਬੀ ਦੇ ਇਲਾਜ ਨੂੰ ਮੁਕੰਮਲ ਕਰਨ ਲਈ ਤੁਸੀਂ, ਤੁਹਾਡਾ ਡਾਕਟਰ ਅਤੇ ਯੌਰਕ ਰੀਜਨ ਕਮਿਊਨਿਟੀ ਐਂਡ ਹੈਲ਼ਥ ਸਰਵਸਿਜ਼ ਰਲ਼-ਮਿਲ ਕੇ ਕੰਮ ਕਰੋਗੇ। ਕ੍ਰਿਪਾ ਕਰ ਕੇ, ਪਬਲਿਕ ਹੈਲ਼ਥ ਨਰਸ ਅਤੇ ਡਾਇਰੈਕਟਲੀ ਅਬਜ਼ਰਵਡ ਥੈਰਪੀ (DOT) ਵਰਕਰ ਨੂੰ ਆਪਣੀ ਸਿਹਤ ਬਾਰੇ ਕੋਈ ਪ੍ਰਸ਼ਨ ਕਰਨ ਤੋਂ ਨਾ ਝਿਜਕੋ।

ਜੇ ਤੁਹਾਡੇ ਕੋਈ ਪ੍ਰਸ਼ਨ ਹੋਣ ਤਾਂ ਕ੍ਰਿਪਾ ਕਰ ਕੇ ________________ਨੂੰ ਫ਼ੋਨ ਕਰੋ